ੴ ਸਤਿਗੁਰ ਪ੍ਰਸਾਦਿ ॥

ਟ੍ਰੈਕਟ ਨੰ: 116

A GUJRI LIBRARY
C.T.B. GURDWARA
106 EAST PARK ROAD
LEICESTER

ਮੈਂ ਸਿਖ ਕਿਉਂ ਹਾਂ ?

ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ
ਪਟਿਆਲਾ

ਜੂਨ	ਸੰਮਤ ਖਾਲਸਾ	ਪਹਿਲੀ ਵਾਰ
੧੯੯੭	੨੯੮	੨੫,੦੦੦

ਭੇਟਾ : ਆਪ ਪੜ੍ਹ ਕੇ ਹੋਰਨਾ ਨੂੰ ਵੀ ਪੜ੍ਹਾਓ ਜੀ।

ਜਾਣਕਾਰੀ

ਹਰ ਗੁਰਸਿਖ ਦੇ ਪੜ੍ਹਨ ਯੋਗ ਪੁਸਤਕ

'ਅੰਮ੍ਰਿਤ ਵੇਲਾ'

(ਲਿਖਤ ਡਾ: ਤੇਜਿੰਦਰ ਸਿੰਘ) ਦੀ ਵਧੀਆ ਕਾਗਜ਼ ਉਤੇ ਛਪੀ ਗਿਆਰਵੀਂ ਐਡੀਸ਼ਨ 25/- ਰੁ: ਦੀ ਥਾ ਕੇਵਲ 10/- ਰੁ: ਭੇਜ ਕੇ ਮੰਗਵਾ ਸਕਦੇ ਹੋ।

2 ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ 5/-ਰੁ:

3 ਸਭ ਬੀਮਾਰੀਆਂ ਦਾ ਇਲਾਜ ਪ੍ਰਭੂ-ਨਾਮੁ 5/-ਰੁ:

ਇਹ ਤੇ ਹੋਰ ਹਰ ਮਹੀਨੇ ਛਪਣ ਵਾਲਾ ਲਿਟ੍ਰੇਚਰ ਦਸਤੀ ਆ ਕੇ ਲੈਣ ਲਈ ਗੁਰਸਿਖ ਫੁਲਵਾੜੀ ਪਬਲਿਕ ਸਕੂਲ ਗਲੀ ਨੰ: 6 ਗੁਰਬਖ਼ਸ਼ ਕਾਲੋਨੀ ਪਟਿਆਲਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤਕ ਦਰਸ਼ਨ ਦਿਓ।

ਡਾਕ ਰਾਹੀ ਮੰਗਵਾਉਣ ਲਈ ਪਤਾ ਪੰਨਾ 14 ਉਤੇ ਦਰਜ ਹੈ। ਮੰਗਵਾਉਣ ਸਮੇ ਆਪਨਾ ਨਾਂ ਪਤਾ ਜ਼ਰੂਰ ਲਿਖੋ।

ਪ੍ਰਾਰਥਕ:

ਪ੍ਰੇਮ ਭੇਟਾ ਵਲੋਂ :

ਮੈਂ ਸਿਖ ਕਿਉਂ ਹਾਂ?

ਕਿਉਂਕਿ ਮੈਨੂੰ ਆਪਣੇ ਕਿਸੇ ਮਤਲਬ ਦੀ ਸਿੱਧੀ ਲਈ ਬਹੁਤੇ ਦੇਵੀ ਦੇਵਤੇ ਮਨਾਉਂਣ ਜਾਂ ਪੂਜਣੇ ਨਹੀਂ ਪੈਂਦੇ ਬਲਕਿ ਮੇਰੀ ਜਿਹੜੀ ਵੀ ਗੱਲ ਹੁੰਦੀ ਹੈ ਮੈਂ ਆਪਣੇ ਇਕੋ ਰੱਬ ਪਾਸ ਕਹਿ ਦੇਂਦਾ ਹਾਂ। ਮੇਰਾ ਉਹ ਰੱਬ ਜਿਥੇ ਵੀ ਮੈਂ ਹੋਵਾਂ ਮੇਰੇ ਨਾਲ ਹੁੰਦਾ ਤੇ ਮੇਰੀ ਗੱਲ ਸੁਣਦਾ ਹੈ।

ਮੇਰੇ ਰੱਬ ਦਾ ਸਾਨੀ ਦੂਜਾ ਕੋਈ ਹੈ ਨਹੀਂ। ਇਸ ਲਈ ਇਹ ਕਿਸੇ ਪਾਸੋਂ ਡਰਦਾ ਨਹੀਂ ਅਤੇ ਜਦੋਂ ਮੈਂ ਆਪਣੇ ਆਪ ਨੂੰ ਉਸ ਨਿਰਭੈ ਰੱਬ ਦੇ ਸਪੁਰਦ ਕਰ ਦੇਂਦਾ ਹਾਂ, ਮੇਰੇ ਭੀ ਸਾਰੇ ਡਰ ਦੂਰ ਹੋ ਜਾਂਦੇ ਹਨ। ਮੇਰਾ ਰੱਬ ਤਰਸਵਾਨ ਤੇ ਦਯਾਵਾਨ ਵੀ ਹੈ ਅਤੇ ਜਦੋਂ ਮੈਂ ਸੱਚੇ ਦਿਲੋਂ ਉਸ ਅਗੇ ਹੱਥ ਬੰਨ੍ਹ ਲੈਂਦਾ ਹਾਂ ਤਾਂ ਉਹ ਮੇਰੀਆਂ ਸਾਰੀਆਂ ਭੁਲਾਂ ਬਖਸ਼ ਦੇਂਦਾ ਹੈ।

ਮੇਰਾ ਰੱਬ ਸਰਬ ਸਮਰਥ ਹੈ ਇਸ ਲਈ ਮੈਂ ਜਦੋਂ ਵੀ ਉਸਦੀ ਓਟ ਲੈ ਲੈਂਦਾ ਹਾਂ ਮੇਰੇ ਦੁਸ਼ਮਣਾਂ ਦਾ ਮੈਨੂੰ ਛੂਹਣ ਦਾ ਹੀਆ ਨਹੀਂ ਪੈਂਦਾ। ਇਕ ਹੋਰ ਵਡਿਆਈ ਇਹ ਹੈ ਕਿ ਰੱਬ ਨੂੰ ਆਪਣੀ ਮਦਦ ਵਾਸਤੇ ਬੁਲਾਉਣ ਲਈ ਮੈਨੂੰ ਕੋਈ ਰਹੁ ਰੀਤ ਕਰਨ ਦੀ ਲੋੜ ਨਹੀਂ ਪੈਂਦੀ। ਮੈਂ ਕੇਵਲ ਉਸਦੇ ਉਨ੍ਹਾਂ ਗੁਣਾਂ ਦਾ ਧਿਆਨ ਧਰਦਾ ਹਾਂ ਜਿਹੋ ਜੇਹੀ ਸਹਾਇਤਾ ਦੀ ਲੋੜ ਮੈਨੂੰ ਹੁੰਦੀ ਹੈ ਅਤੇ ਉਹ ਮੈਨੂੰ ਉਨ੍ਹਾਂ ਗੁਣਾਂ ਵਾਲੇ ਸਰੂਪ ਵਿਚ ਪਰਤੱਖ ਮੇਰੇ ਸਾਹਮਣੇ ਖੜਾ ਦਿਸਦਾ ਹੈ। ਫਿਰ ਮੈਂ ਉਸਦੇ ਗੁਣਾਂ ਦਾ ਧਿਆਨ ਕਿਸੇ ਥਾਉਂ, ਕਿਸੇ ਸਮੇਂ, ਕਿਸੇ

ਮੌਕੇ ਤੇ ਧਰ ਸਕਦਾ ਹਾਂ ਅਤੇ ਉਸ ਦੀ ਮਦਦ ਲੈਣ ਦਾ ਤਰੀਕਾ ਭੀ ਬਹੁਤ ਸੌਖਾ ਤੇ ਸਾਦਾ ਹੈ। ਇਹ ਸਾਰੀਆਂ ਗੱਲਾਂ ਮੈਨੂੰ ਸਿਖ ਰਹਿਣ ਲਈ ਪ੍ਰੇਰਨਾ ਦੇਂਦੀਆਂ ਹਨ।

ਕਿਉਂਕਿ ਮੈਨੂੰ ਕਿਸੇ ਤਰ੍ਹਾਂ ਦੀ ਅਗਵਾਈ ਜਾਂ ਕੋਈ ਸਲਾਹ ਲੈਣ ਲਈ ਦਰ ਦਰ ਤੇ ਨਹੀਂ ਭਟਕਨਾ ਪੈਂਦਾ। ਮੈਨੂੰ ਹਰ ਪ੍ਰਕਾਰ ਦਾ ਸਲਾਹ ਮਸ਼ਵਰਾ ਅਤੇ ਜਿਸ ਰਸਤੇ ਮੈਂ ਜਾਣਾ ਹੁੰਦਾ ਹੈ, ਉਸਦੀ ਪੂਰੀ ਸੂਝ ਇਕੋ ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲ ਜਾਂਦੀ ਹੈ। ਇਹ ਉਹ ਸ਼ਾਹੀ ਚਸ਼ਮਾ ਹੈ ਜਿਥੋਂ ਸਾਰਾ ਗਿਆਨ ਸਦੀਵ ਕਾਲ ਨਿਕਲਦਾ ਰਹਿੰਦਾ ਹੈ। ਇਸਦੇ ਰਾਹੀਂ ਮੈਂ ਆਪਣੇ ਰੱਬ ਨੂੰ ਪਰਤੱਖ ਵੇਖ ਸਕਦਾ ਹਾਂ। ਇਸ ਤੋਂ ਹੀ ਮੈਨੂੰ ਇਸ ਲੋਕ ਤੇ ਪ੍ਰਲੋਕ ਦਾ ਠੀਕ ਠੀਕ ਗਿਆਨ ਹੁੰਦਾ ਹੈ।

ਇਸ ਦੇ ਵਿਚ ਜੀਵਨ ਦੇ ਉਹ ਸਾਰੇ ਨਿਯਮ ਹਨ ਜਿਨ੍ਹਾਂ ਦੀ ਵਰਤੋਂ ਮਨੁਖੀ ਜ਼ਿੰਦਗੀ ਅੰਦਰ ਹਮੇਸ਼ਾਂ ਲਈ ਖੇੜਾ ਤੇ ਸੁਹੱਪਣ ਲੈ ਆਉਂਦੀ ਹੈ। ਇਸ ਦੇ ਆਸਰੇ ਮੈਨੂੰ ਭਿਆਨਕ ਮੌਤ ਦਾ ਡਰ ਭੀ ਨਹੀਂ ਰਹਿੰਦਾ।

ਇਸਦੀ ਅਕਹਿ ਸੁੰਦਰਤਾ, ਰਸਭਿੰਨਾ ਨਾਦ ਅਤੇ ਇਸਤੋਂ ਮਿਲਦੀ ਦੈਵੀ ਖੁਰਾਕ ਮੇਰੀ ਤਰਸਦੀ ਤੇ ਭਟਕਦੀ ਆਤਮਾਂ ਨੂੰ ਸਦੀਵੀ ਖੁਸ਼ੀ ਤੇ ਸ਼ਾਂਤੀ ਬਖਸ਼ਦੇ ਹਨ। ਇਸਦੇ ਅੰਦਰ ਜਾਕੇ ਮੈਂ ਸਾਰੀ ਮਨੁਖਤਾ, ਸਮੁੱਚੇ ਬ੍ਰਹਮੰਡ ਬਲਕਿ ਅਪਣੇ ਰੱਬ ਨਾਲ ਇਕ ਮਿਕ ਹੋ ਜਾਂਦਾ ਹਾਂ। ਇਹ ਇਸੇ ਪਾਵਨ ਗੁਰੂ ਗ੍ਰੰਥ ਜੀ ਦੇ ਹਮੇਸ਼ਾਂ ਵਸਦੇ ਨੂਰ ਦਾ ਅਹਿਸਾਸ ਹੈ ਜੋ ਮੈਨੂੰ ਸਿਖੀ ਤੋਂ ਲਾਂਭੇ ਨਹੀਂ ਜਾਣ ਦਿੰਦਾ।

ਕਿਉਂਕਿ ਮੈਂ ਕਦੀ ਵੀ ਇਕਲਾ ਨਹੀਂ ਹੁੰਦਾ। ਕਿਸੇ ਨੂੰ ਵਿਖਾਈ ਦੇਵੇ ਭਾਵੇਂ ਨਾ, ਪਰ ਮੇਰਾ ਗੁਰੂ ਹਮੇਸ਼ਾਂ ਮੇਰੇ ਨਾਲ ਹੁੰਦਾ ਹੈ। ਉਹ ਮਹਾਨ ਯੋਧਾ ਹੈ ਜਿਸਦੀ ਦਲੇਰੀ ਅਤੇ ਸੂਰਬੀਰਤਾ ਦੀ ਹੋਰ ਮਿਸਾਲ ਨਹੀਂ।

ਉਹ ਪਾਵਨਾ ਵਿਚੋਂ ਪਾਵਨ ਆਤਮਾਂ, ਮਿਹਰਾਂ ਤੇ ਬਖ਼ਸ਼ਸ਼ਾਂ ਦਾ ਮਾਲਕ ਅਤੇ ਸੰਤਾਂ ਦਾ ਸਦਾ ਸਹਾਈ ਗੁਰੂ ਹੈ। ਜਿਥੇ ਕਿਥੇ ਅਤੇ ਜਦੋਂ ਭੀ ਕੋਈ ਸਿਖ ਅੰਤਰ ਆਤਮੇਂ ਉਸਦੀ ਮਹਾਨ ਜੋਤਿ ਦਾ ਧਿਆਨ ਧਰਦਾ ਅਤੇ ਉਸਦੀ ਸਹਾਇਤਾ ਦੀ ਜਾਚਨਾ ਕਰਦਾ ਹੈ ਉਹ ਉਸਦੀ ਬਹੁੜੀ ਕਰਦਾ ਹੈ ਤੇ ਉਸਨੂੰ ਨਿਵਾਜਦਾ ਹੈ।

ਜਦੋਂ ਕਦੀ ਮੈਂ ਅੱਤਿ ਮਾਯੂਸ ਹੋਵਾਂ ਤੇ ਕੋਈ ਸੰਗੀ ਸਾਥੀ ਮੈਨੂੰ ਬਹੁੜਦਾ ਨ ਦਿਸੇ, ਮੈਨੂੰ ਅਜਿਤ ਮੁਸ਼ਕਲਾਂ ਤੇ ਖਤਰਿਆਂ ਦਾ ਸਾਹਮਣਾ ਹੋਵੇ ਅਤੇ ਚੋਹਵਾਂ ਪਾਸਿਓਂ ਦੁਸ਼ਮਣਾਂ ਨੇ ਮੈਨੂੰ ਘੇਰਿਆ ਹੋਵੇ, ਮੈਂ ਉਸਦੀ ਬਲਵਾਨ ਤੇ ਸਮਰੱਥ ਜੋਤ ਦਾ ਇਕ ਚਿਤ ਹੋ ਕੇ ਧਿਆਨ ਧਰਦਾ ਹਾਂ ਤਾਂ ਤੁਸੀ ਸੁਣਕੇ ਹੈਰਾਨ ਹੋਵੋਗੇ ਕਿ ਉਹ ਮੇਰੇ ਪਾਸ ਖੜਾ ਹੁੰਦਾ ਹੈ। ਕੀ ਇਤਨੀ ਗਲ ਹੀ ਮੈਨੂੰ ਸਿਖ ਰਹਣ ਲਈ ਕਾਫੀ ਨਹੀਂ?

ਦਸਵੇਂ ਗੁਰੂ ਨੇ ਮੈਨੂੰ ਤਿੰਨ ਹੁਕਮ ਦਿਤੇ ਹਨ। ਸੇਵਾ ਸਿਮਰਨ ਤੇ ਕੁਰਬਾਨੀ। ਦੀਨ ਤੇ ਦੁਖੀ ਦੀ ਸੇਵਾ, ਸਰਬ ਕਲਾ ਸਮਰਥ ਵਾਹਿਗੁਰੂ ਦੇ ਗੁਣਾਂ ਦਾ ਸਿਮਰਣ, ਸਚਾਈ ਧਰਮ ਤੇ ਇਨਸਾਫ ਨੂੰ ਬਰਕਰਾਰ ਰਖਣ ਹਿਤ ਕੁਰਬਾਨੀ। ਇਹੋ ਹੀ ਮਨੁਖੀ ਉਚਤਾ ਦੇ ਸਿਖਰ ਦੇ ਗੁਣ

ਹਨ। ਇਨ੍ਹਾਂ ਗੁਣਾਂ ਦਾ ਧਾਰਨੀ ਬਨਣ ਦੇ ਯਤਨ ਲਈ ਹੀ ਮੈਂ ਸਿਖ ਹਾਂ।

ਕਿਉਂਕਿ ਸਿਖਾਂ ਦੀ ਕੌਮ ਇਕ ਸੂਰਮਿਆਂ ਤੇ ਬਹਾਦਰਾਂ ਦੀ ਕੌਮ ਹੈ। ਇਹ ਹਮੇਸ਼ਾਂ ਅਪਜਸ ਵਾਲੇ ਜੀਵਨ ਨਾਲੋਂ ਮਰਦਾਂ ਵਾਲੀ ਮੌਤ ਤਥਾ ਸ਼ਹੀਦੀ ਨੂੰ ਰੱਬੀ ਰਹਿਮਤ ਸਮਝਦੇ ਹਨ। ਉਨ੍ਹਾਂ ਦਾ ਸਾਰਾ ਇਤਿਹਾਸ ਅਜਿਹੀਆਂ ਸ਼ਹੀਦੀਆਂ ਨਾਲ ਭਰਪੂਰ ਹੈ ਅਤੇ ਉਹ ਆਪਣੀ ਰੋਜ਼ਾਨਾ ਅਰਦਾਸ ਅੰਦਰ ਸਵੇਰ ਸ਼ਾਮ ਅਣਗਿਣਤ ਸ਼ਹੀਦਾਂ ਦੀ ਯਾਦ ਨੂੰ ਦੁਹਰਾਉਂਦੇ ਹੋਏ ਆਪਣੇ ਅੰਦਰ ਸ਼ਹੀਦੀ ਸਪਿਰਟ ਪੈਦਾ ਕਰਨ ਦੀ ਯਾਚਨਾ ਕਰਦੇ ਹਨ। ਇਹ ਯਾਦ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਹੁਕਮਾ ਦੀ ਚਿਤਾਵਣੀ ਦੇਂਦੀ ਹੈ।

ਕਾਇਰ ਦੀ ਮੌਤੇ ਮਰਨ ਨੂੰ ਉਹ ਬਜੱਰ ਪਾਪ ਸਮਝਦੇ ਹਨ ਅਤੇ ਜੰਗ ਦੇ ਮੈਦਾਨ ਅੰਦਰ ਆਈ ਮੌਤ ਨੂੰ ਸਭ ਤੋਂ ਵਧੇਰੇ ਸਫਲ ਜਾਣਦੇ ਹਨ। ਉਹ ਦੁਸ਼ਮਨ ਨੂੰ ਕਦੀ ਕੰਡ ਨਹੀਂ ਵਿਖਾਉਂਦੇ। ਇਹ ਇਨ੍ਹਾਂ ਦੀ ਜੰਗਜੂ ਹੋਣ ਦੀ ਵਡਿਆਈ ਹੈ ਕਿ ਇਨ੍ਹਾਂ ਦਾ ਨਾਮ ਸੰਸਾਰ ਭਰ ਅੰਦਰ ਉੱਘਾ ਹੋ ਗਿਆ ਹੈ। ਇਹ ਇਨ੍ਹਾਂ ਦੀ ਅਜੇਹੀ ਸਪਿਰਟ ਦਾ ਸਦਕਾ ਹੈ ਕਿ ਮੈਂ ਸਿਖ ਰਹਿਣਾ ਚਾਹੁੰਦਾ ਹਾਂ।

ਕਿਉਂਕਿ ਹਰ ਸਿੱਖ ਨੂੰ ਗੁਰੂ ਵਲੋਂ ਆਬੇ —ਹਯਾਤ—ਅਰਸ਼ਾਂ ਤੋਂ ਲਿਆਂਦੇ ਅੰਮ੍ਰਿਤ ਦੀ ਪਰਾਪਤੀ ਹੁੰਦੀ ਹੈ। ਇਸਦੇ ਮਿਲਣ ਤੋਂ ਮੇਰੇ ਅੰਦਰ ਨਾਮ ਦੀ ਵਡਿਆਈ, ਫੌਲਾਦ ਵਰਗੀ ਕਰੜਾਈ, ਪਾਣੀ ਜੇਹੀ ਨਿਰਮਲਤਾ ਅਤੇ ਸ਼ਹਿਦ ਜੈਸੀ ਮਿਠਾਸ ਪੈਦਾ ਹੋ ਜਾਂਦੀ ਹੈ

ਅਤੇ ਮੈਂ ਆਪਣੇ ਅੰਦਰ ਇਕ ਉਤਮ ਇਨਸਾਨੀਅਤ ਅਨੁਭਵ ਕਰਨ ਲਗਦਾ ਹੈ। ਮੈਂ ਇਉਂ ਪ੍ਰਤੀਤ ਕਰਦਾ ਹਾਂ ਜਿਵੇਂ ਮੇਰੇ ਅੰਦਰ ਗੁਰੂ ਗੋਬਿੰਦ ਸਿੰਘ ਦੀ ਸਪਿਰਿਟ ਜਾਗ ਪੈਂਦੀ ਹੈ ਅਤੇ ਮੇਰਾ ਅਪਣਾ ਰੂਪ ਗੁਰੂ ਵਰਗਾ ਦਿਸਣ ਲਗਦਾ ਹੈ।

ਮੇਰੇ ਸਿਰ ਦੇ ਲੰਬੇ ਕੇਸ ਅਤੇ ਚਿਹਰੇ ਤੇ ਗੁਰਮੁਖੀ ਦਾਹੜੀ ਮੈਨੂੰ ਹਜਰਤ ਈਸਾ ਮਸੀਹ, ਮੁਹੰਮਦ ਸਾਹਿਬ, ਸ੍ਰੀ ਰਾਮ ਤੇ ਕ੍ਰਿਸ਼ਨ, ਬਾਲਮੀਕ ਅਤੇ ਭਾਰਤ ਦੇ ਹੋਰ ਅਨੇਕ ਰਿਸ਼ੀਆਂ ਦਾ ਸੁੰਦਰ ਰੂਪ ਦੇ ਦੇਂਦੇ ਹਨ। ਮੈਂ ਆਪਣੇ ਆਪ ਨੂੰ ਇਕ ਐਸਾ ਸ਼ਿਵ ਰੂਪ ਤਸੱਵਰ ਕਰਦਾ ਹਾਂ ਜਿਸਦੇ ਹੱਥ ਵਿਚ ਉਹ ਤਲਵਾਰ ਹੈ ਜੋ ਦੀਨਾ ਤੇ ਦੁਖੀਆਂ ਦੀ ਰਖਿਆ ਕਰਦੀ ਹੈ, ਜੋ ਅਬਲਾ ਇਸਤ੍ਰੀ ਦੀ ਬੇਹੁਰਮਤੀ ਨਹੀਂ ਹੋਣ ਦਿੰਦੀ, ਜੋ ਮੇਰੇ ਦੇਸ਼ ਤੇ ਮੇਰੇ ਭਾਰਤੀ ਵੀਰਾਂ ਨੂੰ ਦੁਸ਼ਮਣਾਂ ਤੋਂ ਬਚਾਉਂਦੀ ਹੈ। ਆਹਾ ਇਸ ਅੰਮ੍ਰਿਤ ਵਿਚ ਕਿਤਨੀ ਅਦੁੱਤੀ ਸ਼ਕਤੀ ਹੈ। ਇਸਦੀ ਖਾਤਰ ਮੈਂ ਸਿਖ ਹਾਂ।

ਕਿਉਂਕਿ ਸਿਖੀ ਕਮਾਉਣੀ ਅਤਿ ਸੋਖੀ ਹੈ, ਇਸ ਵਿਚ ਨਾ ਰਸਮਾ ਰੀਤਾਂ ਦੀਆਂ ਗੁੰਝਲਾਂ ਹਨ ਅਤੇ ਨਾ ਹੱਠ ਜੋਗ ਤੇ ਕਿਰਿਆ ਕਰਮ ਦੀਆਂ ਭੁੱਲ ਭਲਈਆਂ, ਨਾ ਤਿਆਗ ਹੈ, ਨਾ ਬਨਵਾਸ, ਨਾ ਨਰਕ ਦੇ ਡਰਾਵੇ ਤੇ ਨਾ ਸਵਰਗ ਦੀਆਂ ਖਿੱਚਾਂ। ਮੈਨੂੰ ਸੰਖ ਪੂਰਨ ਜਾਂ ਟੱਲ ਖੜਕਾਉਣ ਦੀ ਲੋੜ ਨਹੀਂ; ਨਾ ਦੇਵੀ ਦੇਵਤੇ ਤੇ ਪਿਤਰ ਪੂਜਣ ਦੀ ਜਰੂਰਤ ਤੇ ਨਾ ਤੀਰਥ ਯਾਤਰਾ ਦੀ ਅਵਸ਼ਕਤਾ।

ਮੈਂ ਲੰਬੇ ਕੇਸ ਤੇ ਦਾਹੜੀ ਉਵੇਂ ਹੀ ਰਖਦਾ ਹਾਂ ਜਿਵੇਂ ਮੈਨੂੰ ਕੁਦਰਤ ਵਲੋਂ ਮਿਲੇ ਹੋਏ ਹਨ ਅਤੇ ਕੇਸਾਂ ਦੀ

ਨਿਤ ਦੀ ਸਫਾਈ ਲਈ ਇਕ ਕੰਘਾ ਰੱਖਦਾ ਹਾਂ। ਭਾਰਤੀ ਸਭਿਅਤਾ ਦੇ ਅਨੁਕੂਲ ਅਤੇ ਅਪਣੇ ਆਪ ਨੂੰ ਜੱਤ ਰੂਪ ਦੇਣ ਲਈ ਮੈਂ ਲੱਕ ਦੁਆਲੇ ਕਛਹਿਰਾ ਪਹਿਣਦਾ ਹਾਂ ਅਤੇ ਅਚਾਣਚਕ ਪਏ ਦੁਸ਼ਮਣ ਤੋਂ ਬਚਾਓ ਹਿਤ ਕਿਰਪਾਨ ਨੂੰ ਹਮੇਸ਼ਾਂ ਅੰਗ ਸੰਗ ਰਖਦਾ ਹਾਂ।

ਮੇਰੇ ਹੱਥ ਦਾ ਲੋਹੇ ਦਾ ਕੜਾ ਮੈਨੂੰ ਹਮੇਸ਼ਾਂ ਚਿਤਾਉਣੀ ਦੇਂਦਾ ਹੈ ਕਿ ਮੈਂ ਆਪਣੇ ਗੁਰੂ ਦੀ ਬੰਦੀ ਵਿਚ ਹਾਂ। ਮੇਰਾ ਖਾਣ ਪੀਣ, ਪਹਿਨਣ ਪਚਰਨ ਹੋਰ ਹਰ ਕਿਸਮ ਦੇ ਭੋਗ ਕੇਵਲ ਸਰੀਰਕ ਲੋੜ ਪੂਰਨ ਲਈ ਹਨ। ਜਿਸ ਪਦਾਰਥ ਨੂੰ ਖਾਣ ਪੀਣ ਜਾਂ ਭੋਗਣ ਨਾਲ ਮੇਰੀ ਆਤਮਾਂ ਗੰਦੀ ਤੇ ਸਰੀਰ ਦੁਖੀ ਹੁੰਦਾ ਹੈ ਉਹ ਪਦਾਰਥ ਮੇਰੇ ਲਈ ਵਰਜਿਤ ਹਨ। ਇਨ੍ਹਾਂ ਸਭ ਦੀ ਪਰਖ ਲਈ ਮੇਰੇ ਸਾਹਮਣੇ ਨਰੋਏ ਸਰੀਰ ਅੰਦਰ ਨਰੋਈ ਆਤਮਾਂ ਰੱਖਣ ਦਾ ਇਕੋ ਹੀ ਸਾਦਾ ਤੇ ਸੌਖਾ ਅਸੂਲ ਹੈ। ਮੇਰੇ ਧਰਮ ਅੰਦਰ ਇਹ ਅਜਾਦੀ ਅਤੇ ਇਨੀ ਸਾਦਗੀ ਮੈਨੂੰ ਸਿਖ ਰੱਖਣ ਲਈ ਵਡੀਆਂ ਖਿੱਚਾਂ ਹਨ ਜਿਸ ਲਈ ਮੈਂ ਸਿਖ ਹਾਂ।

ਕਿਉਂਕਿ ਮੈਨੂੰ ਆਪਣਾ ਧਰਮ ਕਮਾਉਣ ਲਈ ਮੰਦਰਾਂ ਅੰਦਰ ਜਾਂ ਵਣਾਂ ਕੰਦਰਾਂ ਵਿਚ ਜਾਣ ਦੀ ਲੋੜ ਨਹੀਂ। ਮੇਰੇ ਧਰਮ ਕਮਾਉਣ ਦੀ ਥਾਂ ਮੇਰਾ ਨਿਤ ਦਾ ਜੀਵਨ ਖੇਤਰ ਹੈ, ਚਾਹੇ ਇਹ ਹੱਲ ਦੀ ਜੰਘੀ ਪਿਛੇ ਹੈ ਜਾਂ ਸੜਕ ਦੇ ਕੰਢੇ ਤੇ, ਵਰਕਸ਼ਾਪ ਅੰਦਰ ਹੈ ਜਾਂ ਦਫਤਰ ਦੀ ਮੇਜ ਤੇ, ਮੇਰੇ ਲਈ ਸਿਖ ਰਹਿਣਾ ਅਵੱਸ਼ ਹੈ। ਭਾਵੇਂ ਮੈਂ ਘਰ ਹੋਵਾਂ ਜਾਂ ਬਾਹਰ, ਸਮਾਜ ਵਿਚ ਵਿਚਰਦਾ ਹੋਵਾਂ ਜਾਂ ਮੈਦਾਨੇ ਜੰਗ ਅੰਦਰ।

ਮੇਰੇ ਫੁਰਨਿਆਂ, ਮੇਰੇ ਖਿਆਲਾਂ, ਮੇਰੇ ਬੋਲ ਚਾਲ, ਮੇਰੇ ਕੰਮਾਂ ਤੇ ਵਿਹਾਰਾਂ, ਮੇਰੇ ਲੈਣ ਦੇਣ, ਮੇਰੇ ਸੰਸਾਰ, ਮੇਰੇ ਜੀਵਨ ਦੇ ਹਰ ਖੇਤਰ ਵਿਚੋਂ ਮੇਰੀ ਸਿਖੀ ਝਲਕ ਰਹੀ ਹੁੰਦੀ ਹੈ।

ਮੇਰੀ ਇਨਸਾਨੀਅਤ ਮੇਰੀ ਸਿਖੀ ਹੈ ਅਤੇ ਮੇਰੀ ਸਿਖੀ ਮੇਰੀ ਇਨਸਾਨੀਅਤ ਹੈ। ਇਹ ਕੇਵਲ ਪ੍ਰਚਾਰਨ ਜੋਗ ਦਰਸ਼ਨ ਅਥਵਾ ਫਿਲਾਸਫੀ ਨਹੀਂ ਬਲਕਿ ਮੇਰਾ ਜੀਵਨ ਮੇਰੀ ਸਿਖੀ ਹੈ, ਮੇਰਾ ਕੋਈ ਪਾਠ ਪੂਜਾ, ਕੋਈ ਰਹੁ ਰੀਤ ਉਨਾਂ ਚਿਰ ਸਫਲ ਨਾਹੀਂ, ਜਦੋਂ ਤਕ ਮੈਂ ਇਨ੍ਹਾਂ ਨੂੰ ਕਮਾਇਆ ਨਹੀ। ਇਥੇ ਅਮਲ ਦੀ ਵਿਚਾਰ ਹੈ; ਕਹਿਣਾ ਨਹੀਂ, ਕਰਨਾ ਹੈ। ਮੈਂ ਜਿਹੋ ਜਿਹਾ ਹਾਂ ਉਹੋ ਜਿਹਾ ਹੀ ਲੋਕਾਂ ਨੂੰ ਦਿਸਾਂ। ਐਸਾ ਨਾ ਦਿਸਾਂ, ਜੈਸਾ ਮੈਂ ਹਾਂ ਨਹੀਂ। ਮੇਰੀ ਸਿਖੀ ਅੰਦਰ ਕੋਈ ਵਿਖਾਵਾ ਕੋਈ ਫਰੇਬ, ਧੋਖਾ ਜ਼ਾ ਪਖੰਡ ਰਵਾ ਨਹੀਂ, ਇਸ ਲਈ ਮੈਂ ਸਿਖ ਹਾਂ।

ਕਿਉਂਕਿ ਮੈਨੂੰ ਅਪਣੇ ਗੁਨਾਹ ਬਖਸ਼ਾਉਣ ਲਈ ਕਿਸੇ ਭਾਈ, ਪੰਡਤ, ਪਾਦਰੀ ਤਥਾ ਮੋਲਵੀ ਪਾਸ ਜਾਣ ਦੀ ਲੋੜ ਨਹੀਂ। ਇਹ ਸਭ ਕੁਝ ਮੈਂ ਆਪ ਹੀ ਹਾਂ। ਮੈਂ ਇਕ ਇਕੱਲਾ ਖੜਾ ਹੋਇਆ ਆਪਣੇ ਗੁਨਾਹਾਂ ਦੀ ਮੁਆਫੀ ਰੱਬ ਪਾਸੋਂ ਮੰਗ ਲੈਂਦਾ ਹਾਂ। ਉਹ ਮੇਰੀ ਆਪਣੀ ਕੀਤੀ ਅਰਦਾਸ ਨੂੰ ਸੁਣ ਲੈਂਦਾ ਹਾਂ। ਹਾਂ ਗੁਰਸਿਖਾਂ ਦੀ ਸੰਗਤ ਉਤੇ ਮੈਨੂੰ ਪੂਰਨ ਭਰੋਸਾ ਹੈ। ਅਸੀਂ ਜਦੋਂ ਇਕੱਠੇ ਹੋ ਕੇ ਆਪਣੇ ਗੁਰੂ ਸ੍ਰੀ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਦੇ ਹਾਂ, ਅਸੀਂ ਗੁਰੂ ਕੀ ਬਾਣੀ ਪੜ੍ਹਦੇ ਅਤੇ ਮਿਲਕੇ ਗਾਉਂਦੇ ਹਾਂ, ਗੁਰੂ ਦੇ ਜਸ ਤੇ ਕੀਰਤਨ ਵਿਚ ਲੀਨ ਹੁੰਦੇ ਹਾਂ। ਇਤਨੇ ਲੀਨ ਹੋ ਜਾਂਦੇ ਹਾਂ ਕਿ ਅਸੀਂ

ਆਪੇ ਵਿਚ ਤੇ ਗੁਰੂ ਨਾਲ ਇਕ ਮਿਕ ਹੋ ਜਾਂਦੇ ਹਾਂ।

ਫੇਰ ਅਸੀਂ ਖੜੇ ਹੋ ਕੇ ਹੱਥ ਜੋੜ ਗੁਰੂ ਦੇ ਹਜ਼ੂਰ ਆਪਣੇ ਗੁਨਾਹਾਂ ਬਖਸ਼ਾਉਣ ਲਈ ਅਰਦਾਸ ਕਰਦੇ ਹਾਂ ਤੇ ਗੁਰੂ ਪਾਸੋਂ ਯਾਚਨਾ ਕਰਦੇ ਹਾਂ ਕਿ ਸਾਥੋਂ ਉਹ ਕੰਮ ਕਰਵਾਏ ਜੋ ਉਸਨੂੰ ਚੰਗੇ ਲਗਦੇ ਹੋਣ। ਫੇਰ ਉਸਦੀਆਂ ਬਖਸ਼ਸ਼ਾਂ ਤੇ ਮੇਹਰਾਂ ਆਪਣੇ ਲਈ ਹੀ ਨਹੀਂ ਬਲਕਿ ਸਾਰੀ ਮਨੁਖਤਾ, ਸਾਰੇ ਸੰਸਾਰ ਲਈ ਮੰਗਦੇ ਹਾਂ, ਸਰਬਤ ਦਾ ਭਲਾ ਮੰਗਦੇ ਹਾਂ। ਉਸ ਵੇਲੇ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਅਸੀਂ ਸਰਬ ਸਾਂਝੀ ਮਨੁਖਤਾ ਤੇ ਸਾਂਝੀਵਾਲ ਹਾਂ ਤੇ ਇਹ ਕਹਿੰਦੇ ਹੋਏ ਅਸੀਂ ਸਾਰੇ ਅਤਿ ਗਰੀਬੀ ਤੇ ਸਨਿਮਰ ਭਾਵਨਾ ਨਾਲ ਗੁਰੂ ਦੇ ਚਰਨਾ ਤੇ ਡਿਗ ਪੈਂਦੇ ਹਾਂ ਤੇ ਕਹਿੰਦੇ ਹਾਂ, ਪਾਤਸ਼ਾਹ! ਦੁਸ਼ਮਣ ਸੱਜਣ ਸਭ ਦਾ ਭਲਾ ਕਰੀਂ। ਕਿੰਨੀ ਵਿਸਮਾਦੀ ਅਰਦਾਸ ਹੈ ! ਇਸ ਲਈ ਮੈਂ ਸਿਖ ਹਾਂ।

ਕਿਉਂਕਿ ਸਿਖੀ ਵਿਚ ਕਿਸੇ ਜਾਤ ਪਾਤ ਦੇ ਉਚੇ ਨੀਵੇਂ ਹੋਣ ਦਾ ਸਵਾਲ ਨਹੀ, ਨਾ ਕਿਸੇ ਦੇ ਰੰਗ ਰੂਪ-ਕੌਮ ਦਾ ਵਿਚਾਰ ਹੈ। ਇਸ ਦੇ ਦਰਵਾਜੇ ਕਾਲੇ ਗੋਰੇ, ਪਛਮੀ ਪੂਰਬੀ ਤੇ ਨੀਗਰੋ ਜਾਂ ਅਮ੍ਰੀਕਨ ਵਾਸਤੇ ਇਕ ਸਮਾਨ ਖੁਲੇ ਹਨ, ਨਾ ਸਿਖੀ ਕਿਸੇ ਦਾ ਅਛੂਤ ਹੋਣਾ ਮੰਨਦੀ ਹੈ। ਇਹ ਖੁਲੇ ਲੰਗਰ ਚਲਾਉਂਦੇ ਹਨ ਜਿਸ ਨੂੰ ਇਹ ਆਪਣਾ ਨਹੀਂ ਕਹਿੰਦੇ ਬਲਕਿ ਗੁਰੂ ਕਾ ਲੰਗਰ ਕਹਿੰਦੇ ਹਨ। ਲੰਗਰ ਵਿਚ ਵਰਤਿਆ ਰਸਦ ਪਾਣੀ, ਭਾਵੇਂ ਕਿਸੇ ਦੇ ਘਰੋਂ ਆਵੇ, ਇਹ ਗੁਰੂ ਕਾ ਸਮਝਦੇ ਹਨ। ਇਨ੍ਹਾਂ ਦੀ ਆਪਣੀ ਤਾਂ ਕੇਵਲ ਸੇਵਾ ਹੈ ਜੋ ਇਹ ਆਪਣੀ ਹਥੀਂ ਕਰਦੇ ਹਨ। ਇਹੋ ਕਾਰਨ

ਹੈ ਕਿ ਇਨ੍ਹਾਂ ਦੇ ਲੰਗਰਾਂ ਵਿਚ ਗਰੀਬ ਅਮੀਰ ਰਾਜੇ ਰਾਣੀਆਂ ਤਕ ਜੂਠੇ ਭਾਂਡੇ ਮਾਂਜਣ ਤੋਂ ਭੀ ਸੰਕੋਚ ਨਹੀਂ ਕਰਦੇ, ਬਲਕਿ ਇਸ ਸੇਵਾ ਨੂੰ ਫਖਰ ਨਾਲ ਕਰਦੇ ਹਨ। ਇਹਨਾ ਦੇ ਲੰਗਰ ਵਿਚ ਸਭ ਨੂੰ ਇਕੋ ਪੰਗਤ ਵਿਚ ਬਿਠਾ ਕੇ ਇਕੋ ਜੇਹੀ ਰੋਟੀ ਖੁਆਈ ਜਾਂਦੀ ਹੈ। ਕੋਈ ਰਾਜਾ ਰਾਣਾ ਹੋਵੇ ਜਾਂ ਮੰਗਤਾ, ਬ੍ਰਾਹਮਣ ਹੋਵੇ ਜਾਂ ਸੂਦਰ, ਕਿਸੇ ਨਾਲ ਦੂਵੈਤ ਜਾਂ ਕਿਸੇ ਦਾ ਲਿਹਾਜ ਨਹੀਂ।

ਹੋਰ ਲੌ, ਅੰਮ੍ਰਿਤਸਰ ਇਨ੍ਹਾਂ ਦਾ ਇਕ ਸਰੋਵਰ ਹੈ। ਇਕ ਤਰਨ ਤਾਰਨ ਭੀ ਹੈ ਅਤੇ ਇਕ ਬਾਉਲੀ ਗੋਇੰਦਵਾਲ ਹੈ, ਇਹ ਗੁਰੂ ਸਾਹਿਬਾਨ ਨੇ ਆਪ ਬਣਵਾਏ ਸਨ। ਇਨ੍ਹਾਂ ਵਿਚ ਨਹਾਉਣ ਦੀ ਸਭ ਕਿਸੇ ਨੂੰ ਖੁਲ੍ਹ ਹੈ, ਭਾਵੇਂ ਉਹ ਕਿਸੇ ਜਾਤ, ਰੰਗ ਜਾਂ ਸ਼੍ਰੇਣੀ ਦਾ ਹੋਵੇ, ਕਿਸੇ ਤੇ ਕੋਈ ਪਾਬੰਦੀ ਨਹੀਂ।

ਜਦੋ ਇਹ ਗੁਰੂ ਗ੍ਰੰਥ ਸਾਹਿਬ ਦੇ ਹਜੂਰ ਅਰਦਾਸ ਕਰਦੇ ਜਾਂ ਵਾਹਿਗੁਰੂ ਦੀ ਵਡਿਆਈ ਗਾਉਣ ਜਾਂ ਸੁਣਨ ਲਈ ਇਕਠੇ ਹੁੰਦੇ ਹਨ ਤਾਂ ਇਹ ਕਿਸੇ ਵੱਡੇ ਜਾਂ ਛੋਟੇ ਲਈ ਕੋਈ ਵਿਸ਼ੇਸ਼ ਥਾਉਂ ਮੁਕਰਰ ਨਹੀਂ ਕਰਦੇ ਅਤੇ ਨਾ ਕਿਸੇ ਮਨੁਖ ਮਾਤਰ ਨੂੰ ਇਨ੍ਹਾਂ ਦੇ ਨਾਲ ਰਲ ਬੈਠਣ ਵਿਚ ਕੋਈ ਰੋਕ ਹੈ। ਇਹ ਆਪਣੇ ਗੁਰੂ ਤਥਾ ਰਬ ਨੂੰ ਸਭ ਦਾ ਸਾਂਝਾ ਜਾਣਦੇ ਹਨ। ਇਨ੍ਹਾਂ ਦੇ ਸਾਂਝੇ ਲੰਗਰ, ਸਾਂਝੇ ਸਰੋਵਰ, ਸਾਂਝੀ ਅਰਦਾਸ, ਸਾਂਝਾ ਗੁਰੂ ਅਤੇ ਇਕੋ ਸਾਂਝਾ ਰੱਬ ਇਨ੍ਹਾਂ ਅੰਦਰ ਮਨੁਖਤਾ ਦੀ ਸਾਂਝ ਦੀਆਂ ਵੱਡੀਆਂ ਨਿਸ਼ਾਨੀਆਂ ਹਨ ਜੋ ਮਨੁਖੀ ਸਮਾਨਤਾ ਅਤੇ ਮਨੁਖੀ ਭਾਈਚਾਰਕ ਸਾਂਝ ਉਤੇ

ਇਨ੍ਹਾਂ ਦਾ ਵਿਸ਼ਵਾਸ ਦ੍ਰਿੜਾਉਂਦੀਆਂ ਹਨ। ਇਨ੍ਹਾਂ ਦੀ ਸੰਗਤ ਤੇ ਪੰਗਤ ਵੇਖਣ ਯੋਗ ਦਰਿਸ਼ ਹਨ। ਇਨ੍ਹਾਂ ਦੇ ਮਨੁਖ ਮਾਤਰ ਨਾਲ ਪਿਆਰ ਅਤੇ ਮਨੁਖੀ ਸਮਾਨਤਾ ਦੇ ਅਸੂਲਾਂ ਦੀ ਦ੍ਰਿੜਤਾ ਹੈ ਜੋ ਮੈਨੂੰ ਸਿਖੀ ਦੀ ਪ੍ਰੇਰਨਾ ਦੇਂਦੇ ਹਨ।

ਕਿਉਂਕਿ ਇਹ ਉਹ ਧਰਮ ਹੈ ਜੋ ਰੱਬ ਦਾ ਇਕ ਹੋਣਾ ਅਤੇ ਮਨੁਖੀ ਮਾਤਰ ਦੀ ਸਾਂਝੀਵਾਂਲਤਾ ਸਿਖਾਉਂਦਾ ਹੈ। ਉਸ ਰੱਬ ਨਾਲ ਪਿਆਰ ਅਤੇ ਮਨੁਖ ਮਾਤਰ ਦੀ ਸੇਵਾ, ਇਸ ਦੇ ਮੁਖ ਅਸੂਲ ਹਨ। ਆਤਮਾ ਰੱਬ ਪਾਸੋਂ ਵਿਛੜਕੇ ਇਸ ਸੰਸਾਰ ਅੰਦਰ ਮਨੁਖੀ ਸਰੀਰ ਦੀ ਕੈਦ ਵਿਚ ਪਈ ਹੋਈ ਹੈ। ਇਸ ਨੇ ਮੁੜ ਆਪਣੇ ਰੱਬ ਨਾਲ ਇਕ ਮਿਕ ਹੋਣਾ ਹੈ।

ਮੇਲ ਕਰਾਉਣ ਦਾ ਵਸੀਲਾ ਇਕੋ ਪਿਆਰ ਹੀ ਹੈ। ਸੇਵਾ ਮਨੁਖ ਦੇ ਦਿਲ ਨੂੰ ਨਰਮ ਤੇ ਨਿੱਘਾ ਕਰਦੀ ਤੇ ਇਸ ਵਿਚ ਪਿਆਰ ਲਈ ਥਾਂ ਬਣਾਉਂਦੀ ਹੈ। ਇਸ ਲਈ ਸਿਖ ਵਾਸਤੇ ਸੇਵਾ ਤੇ ਪਿਆਰ ਭਾਵਨਾ ਦਾ ਉਪਜਾਉਣਾ ਅਤਿ ਜ਼ਰੂਰੀ ਹੈ। ਉਹ ਬਹੁਤ ਸਵੇਰੇ ਅੰਮ੍ਰਿਤ ਵੇਲੇ ਜਾਗਕੇ ਆਪਣੀ ਸੁਰਤ ਨੂੰ ਪ੍ਰਭੂ ਦੇ ਪਿਆਰ ਵਿਚ ਜੋੜਦਾ ਹੈ ਅਤੇ ਦਿਨ ਚੜ੍ਹੇ ਆਪਣੇ ਨਿਤ ਦੇ ਵਿਹਾਰ ਕਾਰ ਅੰਦਰ ਆਪਣੇ ਫਰਜ਼ ਪੂਰਨ ਸਚਾਈ ਤੇ ਇਮਾਨਦਾਰੀ ਨਾਲ ਨਿਭਾਉਂਦਾ ਹੋਇਆ ਸੇਵਾ ਦੀ ਭਾਵਨਾ ਨੂੰ ਸਦਾ ਆਪਣੇ ਅੰਦਰ ਧਾਰੀ ਰੱਖਦਾ ਹੈ। ਜੋ ਇਨਸਾਨ ਲਈ ਸਭ ਤੋਂ ਵੱਡਾ ਤੇ ਸੁਚਾ ਆਦਰਸ਼ ਹੈ। ਇਨ੍ਹਾਂ ਗੁਣਾਂ ਦਾ ਗ੍ਰਿਹਣੀ ਬਣੇ ਰਹਿਣ ਲਈ ਮੇਰੀ ਸਦੀਵ ਕਾਲ ਇਹੋ ਇਛਾ ਹੈ ਕਿ ਮੈਂ ਹਮੇਸ਼ਾਂ ਗੁਰੂ ਦਾ ਸਿਖ ਬਣਿਆ ਰਹਾਂ।

(ਸ. ਨਰੈਣ ਸਿੰਘ)

ਸਿਖ ਹੋਣ ਦੇ ਫਖਰ ਦਾ ਇਕ ਨਮੂਨਾ

ਇਕ ਜ਼ਿੰਮੀਦਾਰ ਆਪਣੇ ਵਿਹੜੇ ਵਿਚ ਬੈਠਾ ਹੋਇਆ ਹੈ। ਡਿਉਢੀ ਵਿਚੋਂ ਇਕ ਆਦਮੀ ਨੇ ਆਵਜ਼ ਦਿਤੀ, "ਚੋਧਰੀ ਅੰਦਰ ਲੰਘ ਆਵਾਂ?"

ਜ਼ਿਮੀਦਾਰ ਨੇ ਉਤਰ ਦਿੱਤਾ, "ਆ ਜਾਓ।"

ਬਾਹਿਰੋਂ ਆਇਆ ਆਦਮੀ ਅੰਦਰ ਲੰਘ ਆਇਆ, ਹਥ ਜੋੜ ਕੇ ਪੈਰੀਂ ਪਉਣਾ ਕਰ ਕੇ ਬੈਠ ਗਿਆ ਅਤੇ ਆਖਣ ਲਗਾ :--- ਵੀਰਾ ! ਕੁਝ ਸਾਲ ਹੋਏ ਮੈਂ ਤੇਰੀ ਮਹਿੰ ਚੁਰਾ ਕੇ ਲੈ ਗਿਆ ਸਾਂ, ਉਹ ਮਹਿੰ ਹੁਣ ਤੇਰੀ ਡਿਉਢੀ ਵਿਚ ਆ ਖੜੀ ਹੈ ; ਇਸ ਨੇ ਮੇਰੇ ਘਰ ਜਾ ਕੇ ਜਿਹੜੇ ਬਚੇ ਦਿਤੇ ਹਨ, ਉਹ ਵੀ ਨਾਲ ਬਧੇ ਹਨ।" ਫਿਰ, ਉਸ ਨੇ ਇਕ ਵਾਂਸਲੀ ਕਢ ਕੇ ਅਗੇ ਰਖ ਦਿਤੀ ਜਿਸ ਵਿਚ ਚੋਖੇ ਸਾਰੇ ਰੁਪਏ ਸਨ। ਫਿਰ ਬੋਲਿਆ :—

'ਸਜਣਾ ! ਇਹ ਰੁਪਏ ਮੁੱਲ ਹਨ ਉਸ ਦੁੱਧ ਦੇ ਜੋ ਮੈਂ ਪੀਤਾ ਹੈ; ਚਾਹੇ ਪੱਠੇ ਮੈਂ ਆਪਣੇ ਹੀ ਪਾਉਂਦਾ ਰਿਹਾ ਹਾਂ, ਪਰ ਮਹਿੰ ਤਾਂ ਵੀਰਾ ਤੇਰੀ ਹੀ ਸੀ ਨਾ। ਇਹ ਲੈ ਲੈ ਅਤੇ ਮੇਰੇ ਜੁੜਿਆਂ ਹੱਥਾਂ ਵਲ ਵੇਖ ਕਹਿ ਦੇ ਤੈਨੂੰ ਤੇਰਾ ਅਪਰਾਧ ਮਾਫ ਕਰ ਦਿਤਾ।'

ਜਿਮੀਂਦਾਰ ਹੱਕਾ ਬੱਕਾ ਰਹਿ ਗਿਆ। ਕੁਝ ਚਿਰ ਹੈਰਾਨ ਹੋਇਆ-ਹੋਇਆ ਵੇਖਦਾ ਰਿਹਾ ਅਤੇ ਅਖੀਰ ਬੋਲਿਆ "ਚੋਰ—ਤੇ ਚੋਰੀ ਮੋੜ ਦੇਵੇ! ਚੋਰ ਤੇ ਚੋਰੀ ਨਾਲ ਬੱਚਾ ਖੁਚਾ ਵੀ

ਲੈ ਆਵੇ ? ਚੋਰ ਅਤੇ ਰੁਪਏ ਦੇਵੇ ਅਤੇ ਮਾਫੀ ਮੰਗੇ? ਭਲਿਆ ਲੋਕਾ ਤੈਨੂੰ ਕੀ ਹੋ ਗਿਆ ਹੈ?"

"ਮੈਂ ਸਤਿਗੁਰੂ ਦਾ ਸਿਖ ਹੋ ਗਿਆ ਹਾਂ।" ਉਸ ਉੱਤਰ ਦਿੱਤਾ।

ਇਹ ਸਿਖ ਹੋਣ ਦੇ ਫਖਰ ਦਾ ਇਕ ਨਮੂਨਾ ਹੈ। ਜੋ ਪਹਿਲਾਂ ਚੋਰ ਸੀ ਅਤੇ ਫੇਰ ਸਿਖ ਹੋ ਗਿਆ। ਸਿਖ ਇਕ ਉਚੇ ਜੀਵਨ ਦਾ ਨਾਮ ਹੈ; ਇਕ ਉਚੇ ਆਚਰਣ ਦਾ ਨਮੂਨਾ ਹੈ।

❖ ਸਿਖ ਚੋਰ ਨਹੀਂ ਹੋ ਸਕਦਾ। ਸਿਖ ਚੋਰੀ ਦਾ ਧੱਬਾ ਮਗਰੋਂ ਲਾਹ ਕੇ ਸੱਚੇ ਮਾਣ ਨਾਲ, ਸੱਚੇ ਫਖ਼ਰ ਨਾਲ ਕਹਿਣਾ ਚਾਹੁੰਦਾ ਹੈ, ਅਤੇ ਕਹਿ ਰਿਹਾ ਹੈ, "ਮੈਂ ਸਿਖ ਹਾਂ।" ਇਹ 11-12 ਅਖਰ (ਉਪਰ ਦਿਤੇ) ਜਿਸ ਨਿਮ੍ਰਤਾ ਅਤੇ ਫਖ਼ਰ ਨਾਲ ਉਸ ਕਹੇ, ਉਸ ਦਾ ਅਸਰ ਇਹ ਹੋਇਆ ਕਿ ਉਹ ਜ਼ਿਮੀਦਾਰ ਵੀ ਸਾਰੇ ਪਰਵਾਰ ਸਮੇਤ ਸਿਖ ਹੋ ਗਿਆ। ਇਸ ਸਿਖ ਦਾ ਨਾਂ ਇਤਿਹਾਸ ਵਿਚ 'ਭਾਈ ਮਿਹਰੂ' ਲਿਖਿਆ ਹੈ। ਅਤੇ ਇਹ ਵਾਰਤਾ ਬਹੁਤ ਸਾਲ ਹੋਏ, ਅਖਬਾਰ 'ਖਾਲਸਾ ਸਮਾਚਾਰ' ਵਿਚ ਛਪੀ ਵੀ ਸੀ।

❖ ਸਿਖਾ ਨੂੰ ਸੱਗ (ਕੁੱਤਾ) ਕਹਿਣ ਤੇ ਲਿਖਣ ਵਾਲਾ ਇਤਿਹਾਸਕਾਰ ਕਾਜੀ ਨੂਰ ਮੁਹੰਮਦ ਵੀ ਲਿਖਦਾ ਹੈ, "ਇਨਾਂ ਕੁਤਿਆਂ (ਸਿਖਾਂ) ਵਿਚ ਕੋਈ ਚੋਰ ਨਹੀਂ ਹੁੰਦਾ; ਸੰਨ੍ਹ ਮਾਰਨ ਵਾਲਾ ਇਨ੍ਹਾਂ ਨੀਚਾਂ ਵਿਚ ਕੋਈ ਜੰਮਦਾ ਹੀ ਨਹੀਂ........ ਆਦਿ।"

ਕੀ ਫਰਕ ਹੋਇਆ ?

1. ਜੇ ਇਕ ਆਮ ਵਿਅਕਤੀ ਆਪਣੇ ਕਾਰ-ਵਿਹਾਰ ਵਿਚ ਝੂਠ-ਚਲਾਕੀ ਜਾਂ ਹੇਰਾ-ਫੇਰੀ ਕਰਦਾ ਹੈ ਅਤੇ ਇਕ ਗੁਰੂ ਦਾ ਸਿਖ ਅਖਵਾਉਣ ਵਾਲਾ ਵੀ ਇਸੇ ਤਰਾਂ ਝੂਠ-ਚਾਲਾਕੀ ਜਾਂ ਹੇਰਾ-ਫੇਰੀ ਕਰਦਾ ਹੈ ਤਾਂ ਦੋਹਾਂ ਵਿਚ ਕੀ ਫਰਕ ਹੋਇਆ ?

2. ਜੇ ਇਕ ਆਮ ਵਿਅਕਤੀ ਦੂਜਿਆਂ ਦਾ ਹੱਕ ਖੋਹ ਕੇ ਅਮੀਰ ਬਣਨਾਂ ਚਾਹੁੰਦਾ ਹੈ; ਜਾਂ ਰਿਸ਼ਵਤ ਲੈਂਦਾ ਹੈ; ਅਤੇ ਜੇ ਸਿਖ ਹੋ ਕੇ ਵੀ ਇਸੇ ਤਰਾਂ ਕਰਦਾ ਹੈ ਤਾਂ ਦੋਹਾਂ ਵਿਚ ਕੀ ਫਰਕ ਹੋਇਆ ?

3. ਜੇ ਇਕ ਆਮ ਵਿਅਕਤੀ ਮਿਲੀ ਹੋਈ ਸ਼ਕਤੀ ਦੀ ਕੁਵਰਤੋਂ ਕਰਦਾ ਹੈ; ਨਿਆਂ ਪਸੰਦ ਨਹੀਂ ਅਤੇ ਜੇ ਗੁਰੂ ਕਾ ਸਿਖ ਹੋ ਕੇ ਵੀ ਇਸੇ ਤਰ੍ਹਾਂ ਕਰਦਾ ਹੈ ਤਾਂ ਦੋਹਾਂ 'ਚ ਕੀ ਫਰਕ ਹੋਇਆ?

4. ਜੇ ਇਕ ਆਮ ਵਿਅਕਤੀ ਵਹਿਮਾਂ-ਭਰਮਾਂ ਵਿਚ ਫਸਿਆ ਹੋਇਆ ਹੈ, ਜਾਂ ਅਖੌਤੀ ਨੀਵੀਂ ਜਾਤ ਦੇ ਲੋਕਾਂ ਨੂੰ ਆਪਣੇ ਬਰਾਬਰ ਦਾ ਦਰਜਾ ਦੇਣ ਲਈ ਤਿਆਰ ਨਹੀਂ ਅਤੇ ਜੇ ਇਕ ਸਿਖ ਹੋ ਕੇ ਵੀ ਵਹਿਮਾਂ-ਭਰਮਾਂ ਵਿਚ ਫਸਿਆ ਹੋਇਆ ਹੈ ਜਾਂ ਅਖੌਤੀ ਨੀਵੀਂ ਜਾਤ ਦੇ ਲੋਕਾਂ ਨੂੰ ਆਪਣੇ ਬਰਾਬਰ ਦਾ ਦਰਜਾ ਦੇਣ ਲਈ ਤਿਆਰ ਨਹੀਂ ਤਾਂ ਦਸੋ ਇਨ੍ਹਾਂ ਦੋਹਾਂ ਵਿਚ ਕੀ ਫਰਕ ਹੋਇਆ?

ਯਾਦ ਰਖੀਏ!

ਸਿਖ ਦਾ ਨਿਆਰਾਪਣ ਕੇਵਲ ਉਸ ਦੀ ਸ਼ਕਲ-ਸੂਰਤ ਜਾਂ ਪਹਿਰਾਵੇ ਵਿਚ ਹੀ ਨਹੀਂ, ਸਗੋਂ ਉਸ ਦੇ ਜੀਵਨ-ਜੀਊਣ ਦੇ ਵਤੀਰੇ ਤੋਂ ਵੀ ਝਲਕਣਾ ਚਾਹੀਦਾ ਹੈ।

ਆਓ! ਯਤਨ ਕਰੀਏ! ਆਪਣੇ ਜੀਵਨ ਨੂੰ ਨਿਆਰਾ ਅਤੇ ਖੁਸ਼ਬੂਦਾਰ ਬਣਾਈਏ ਤਾਂ ਜੁ ਸਿਖੀ ਦੀ ਮਹਿਕ ਸਭ ਪਾਸ ਫੈਲ ਸਕੇ।

ਸੂਚਨਾ

ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ 50/- ਰੁ: ਸੈਂਕੜਾ ਦੇ ਹਿਸਾਬ (ਡਾਕ ਖਰਚ ਸਮੇਤ) ਭੇਟਾ ਸ. ਦੀਦਾਰ ਸਿੰਘ C-129, ਵਿਕਾਸ ਕਾਲੋਨੀ, ਪਟਿਆਲਾ 147001 ਨੂੰ ਭੇਜ ਕੇ ਮੰਗਵਾਏ ਜਾ ਸਕਦੇ ਹਨ।

ਪ੍ਰੇਮ ਭੇਟਾ ਵਲੋਂ :